

ਫਰੀਦਕੋਟ ਦੇ ਐਡੀਸ਼ਨਲ ਡਿਪਟੀ ਕਮਿਸ਼ਨਰ ਸ਼੍ਰੀ ਮੋਹਨ ਲਾਲ ਸਰਕਾਰੀ ਡਿਪੂ ਦੀ ਚੈਕਿੰਗ ਦੌਰਾਨ
ਰੀਕਾਰਡ ਵੇਖਦੇ ਹੋਏ।

# ਏ.ਡੀ.ਸੀ ਵੱਲੋਂ ਛਾਪਾ ਦੋ ਪ੍ਰਾਇਮਰੀ ਹੈਲਥ ਸੈਂਟਰ ਬੰਦ ਪਾਏ ਗਏ

ਫਰੀਦਕੋਟ, 22 ਮਾਰਚ ( )-ਜ਼ਿਲ੍ਹੇ ਦੇ ਐਡੀਸ਼ਨਲ ਡਿਪਟੀ ਕਮਿਸ਼ਨਰ ਸ਼੍ਰੀ ਮੋਹਨ ਲਾਲ ਨੇ ਵਾੜਾਦੜਾਕਾ ਅਤੇ ਖਾਰਾ ਪ੍ਰਾਇਮਰੀ ਹੈਲਥ ਸੈਂਟਰ ਦੀ ਅਚਾਨਕ ਚੈਕਿੰਗ ਕੀਤੀ ਗਈ ਅਤੇ ਇਸ ਦੌਰਾਨ ਦੁਪਿਹਰ 12 ਤੋਂ 1 ਵਜੇ ਦੇ ਦਰਮਿਆਨ ਇਹ ਦੋਵੇਂ ਹੀ ਸਬ ਸੈਂਟਰ ਬੰਦ ਪਾਏ ਗਏ। ਇਸ ਮੌਕੇ 'ਤੇ ਖਾਰਾ ਪ੍ਰਾਇਮਰੀ ਹੈਲਥ ਸੈਂਟਰ ਬਾਰੇ ਪਿੰਡ ਖਾਰਾ ਦੇ ਵਸਨੀਕ ਜਸਵਿੰਦਰ ਸਿੰਘ ਨੇ ਸ਼੍ਰੀ ਮੋਹਨ ਲਾਲ ਨੂੰ ਦੱਸਿਆ ਕਿ ਇਹ ਹੈਲਥ ਸੈਂਟਰ ਕਦੇ ਕਦਾਈ ਹੀ ਖੋਲ੍ਹਿਆ ਜਾਂਦਾ ਹੈ ਜਿਸਤੇ ਸ਼੍ਰੀ ਮੋਹਨ ਲਾਲ ਨੇ ਲੋਕਾਂ ਦੀ ਇਹ ਸ਼ਿਕਾਇਤ ਜਲਦ ਹੀ ਦੂਰ ਕਰਨ ਦਾ ਭਰੋਸਾ ਦਿੱਤਾ। ਇਸ ਉਪ੍ਰੰਤ ਸ਼੍ਰੀ ਮੋਹਨ ਲਾਲ ਜਦ ਪਿੰਡ ਹਰੀਨੌਂ ਵਿਖੇ ਰਾਸ਼ਨ ਡਿਪੂ ਚੈੱਕ ਕਰਨ ਲਈ ਗਏ ਤਾਂ ਇੱਥੋਂ ਦਾ ਡਿਪੂ ਹੋਲਡਰ ਨੱਥਾ ਰਾਮ ਡਿਪੂ ਨੂੰ ਤਾਲਾ ਲਗਾ ਕੇ ਕਿਤੇ ਬਾਹਰ ਗਿਆ ਹੋਇਆ ਸੀ ਜਿਸਤੇ ਸ਼੍ਰੀ ਮੋਹਨ ਲਾਲ ਨੇ ਉਕਤ ਡਿਪੂ ਹੋਲਡਰ ਦੇ ਲੜਕੇ ਨੂੰ ਕਿਹਾ ਕਿ ਨੱਥਾ ਰਾਮ ਆਪਣਾ ਸਾਰਾ ਰੀਕਾਰਡ ਲੈ ਕੇ ਉਹਨਾਂ ਦਫਤਰ ਵਿਖੇ ਜਲਦ ਪੁੱਜਣਾ ਯਕੀਨੀ ਬਣਾਵੇ। ਇਸ ਉਪ੍ਰੰਤ ਸ਼੍ਰੀ ਮੋਹਨ ਲਾਲ ਨੇ ਖਾਰਾ ਦੇ ਪਸ਼ੂ ਹਸਪਤਾਲ, ਵਾੜਾ ਦੜਾਕਾ ਦੇ ਸਰਕਾਰੀ ਸਕੂਲ ਅਤੇ ਕੁਹਾਰਵਾਲਾ ਦੇ ਪ੍ਰਾਇਮਰੀ ਸਕੂਲ ਦਾ ਵੀ ਅਚਾਨਕ ਨਿਰੀਖਣ ਕੀਤਾ।